## ਵਾਹਗੁਰੂ ਤੇਰਾ ਸਭੁ ਸਦਕਾ

### (ਸਵਈਏ ਮਹਲੇ ਚਉਥੇ ਕੇ ੪)

### ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥

'ਸਵਈਏ ਮਹਲੇ ਚਉਥੇ ਕੇ ੪' ਸਿਰਲੇਖ ਹੇਠ ੬ ਭੱਟ ਸਾਹਿਬਾਨ ਦੀ ਬਾਣੀ ਦਰਜ ਹੈ - ਭੱਟ ਕਲ੍ਯ ਜੀ, ਭੱਟ ਨਲ੍ਯ ਜੀ, ਭੱਟ ਗਯੰਦ ਜੀ, ਭੱਟ ਮਥੁਰਾ ਜੀ, ਭੱਟ ਬਲ੍ਯ ਜੀ ਅਤੇ ਭੱਟ ਸਲ੍ਯ ਜੀ। ਇਸ ਸਿਰਲੇਖ ਹੇਠ ਦਰਜ ਬਾਣੀ ਚੌਥੇ ਪਾਤਸ਼ਾਹ ਨੂੰ ਸੰਬੋਧਨ ਕਰਦਿਆਂ ਹੋਇਆਂ ਉਨ੍ਹਾਂ ਦੀ ਹੀ ਉਸਤਤਿ ਵਿਚ ਉਚਾਰਣ ਕੀਤੀ ਗਈ ਹੈ। ਇਸੇ ਤਰ੍ਹਾਂ ਕੁਲ ਪਹਿਲੇ ਪੰਜ ਗੁਰੂ ਸਾਹਿਬਾਨ ਨੂੰ ਸੰਬੋਧਨ ਕਰਦਿਆਂ ਹੋਇਆਂ, ਉਨ੍ਹਾਂ ਦੀ ਹੀ ਉਸਤਤਿ ਵਿਚ ਵਖ ਵਖ ਭੱਟ ਸਾਹਿਬਾਨ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੧੩੮੯ ਤੋਂ ਪੰਨਾ ੧੪੦੯ ਤਕ ਦਰਜ ਹੈ। ਇਹ ਬਾਣੀ, ਬਿਨਾ ਸ਼ੱਕ, ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਆਪ ਦਰਜ ਕੀਤੀ ਜਦੋਂ ਉਨ੍ਹਾਂ ਨੇ ਭਾਈ ਗੁਰਦਾਸ ਜੀ ਤੋਂ ਪੋਥੀ ਸਾਹਿਬ (ਗੁਰੂ ਗ੍ਰੰਥ ਸਾਹਿਬ) ਦੀ ਲਿਖਤ ਆਪਣੀ ਨਿਗਰਾਨੀ ਵਿਚ ਲਿਖਵਾਈ। ਸਾਨੂੰ ਮਾਣ ਹੈ ਕਿ ਗੁਰੂ ਗ੍ਰੰਥ ਸਾਹਿਬ ਦੁਨੀਆਂ ਦੇ ਹੋਰ ਸਭ ਪਵਿਤਰ ਗ੍ਰੰਥਾਂ ਵਿਚੋਂ ਇਕੋ ਇਕ ਅਜਿਹੇ ਗ੍ਰੰਥ ਹਨ ਜੋ ਕਿਸੇ ਵੀ ਧਰਮ ਦੇ ਮਹਾਤਮਾਵਾਂ ਵਿਚੋਂ ਧਰਮ ਦੇ ਬਾਨੀਆਂ ਨੇ ਆਪ ਲਿਖ/ਲਿਖਵਾ ਕੇ ਸੰਕਲਨ ਕੀਤੇ ਹੋਣ। ਬਾਕੀ ਸਾਰੇ ਧਰਮ ਗ੍ਰੰਥ, ਉਨ੍ਹਾਂ ਦੇ ਉਚਾਰਣ ਕਰਤਾਵਾਂ ਤੋਂ ਕਾਫ਼ੀ ਸਮਾਂ ਬਾਅਦ ਹੋਰਨਾਂ ਨੇ ਸੰਕੱਲਤ ਕੀਤੇ ਹਨ। ਇਸੇ ਲਈ ਗੁਰੂ ਗ੍ਰੰਥ ਸਾਹਿਬ ਹੀ ਇਕੋ ਇਕ ਸਭ ਤੋਂ ਵਧ ਪ੍ਰਮਾਣਿਕ authentic ਹਨ।

ਇਹ ਸਵਈਆ ਭੱਟ ਗਯੰਦ ਜੀ ਦੇ ਉਚਾਰਣ ਕੀਤੇ ਕੁਲ ਸਵਈਏ ਵਿਚੋਂ ੧੫ਵਾਂ ਸਵਈਆ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪੦੩ ਤੇ ਸੁਭਾਇਮਾਨ ਹੈ। ਇਹ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸੰਬੋਧਨ ਕਰ ਕੇ ਉਨ੍ਹਾਂ ਦੀ ਮਹਿਮਾ ਵਿਚ ਉਚਾਰਣ ਕੀਤਾ ਗਿਆ ਹੈ।

ਭੱਟ ਗਯੰਦ ਜੀ ਨੇ ਇਸ ਸਵਈਏ ਵਿਚ, ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਸਰੂਪ ਵਿਚ, ਉਸ ਗੁਰ-ਜੋਤਿ ਨੂੰ ਸੰਬੋਧਨ ਕੀਤਾ ਹੈ, ਜੋ ਜੁਗਾਂ ਜੁਗਾਂ ਤੋਂ ਅਟਲ ਰਹੀ ਹੈ, ਪਰਗਟ ਹੁੰਦੀ ਆਈ ਹੈ ਅਤੇ ਆਪਣੇ ਭਗਤਾਂ ਦੀ ਪੈਜ ਰਖਦੀ ਆਈ ਹੈ। ਉਸ ਦੁਆਰਾ ਆਪਣੇ ਭਗਤਾਂ ਦੀ ਖਾਤਰ ਅਵਤਾਰ ਧਾਰਣ ਕੀਤਾ ਜਾਂਦਾ ਰਿਹਾ ਹੈ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥', ਪੰਨਾ ੪੫੧. ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹ ਭਗਤ ਜਨਾਂ ਦੀ ਪੈਜ, ਸਦਾ ਤੋਂ ਹੀ ਰਖਦਾ ਆਇਆ ਹੈ, ਜਿਵੇਂ ਭਗਤ ਪ੍ਰਹਿਲਾਦ ਦੀ ਰਖਿਆ ਕਰ ਕੇ ਹਰਨਾਖ਼ਸ਼ ਨੂੰ ਮਾਰ ਪਚਾਇਆ - 'ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥ ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥', ਪੰਨਾ ੬੩੭. ਇਹ, ਗੁਰਬਾਣੀ ਵਿਚ ਭਲੀ ਭਾਂਤ, ਵਾਰ ਵਾਰ ਦਸਿਆ ਗਿਆ ਹੈ ਕਿ ਹਰਣਾਖ਼ਸ ਨੂੰ, **ਨਰ-ਸਿੰਘ** ਨੇ ਮਾਰਿਆ ਸੀ, ਜੋ **ਗੁਰ-ਜੋਤਿ** ਦਾ ਹੀ ਸਰੂਪ ਸੀ। ਪ੍ਰਭੂ, ਸਾਰੇ ਕੰਮ ਗੁਰ-ਜੋਤਿ ਰਾਹੀਂ ਹੀ ਕਰਦਾ ਹੈ, ਇਹੀ ਉਸ ਦੀ ਵਿਧੀ ਹੈ, ਗੁਰ-ਜੋਤਿ ਅਕਾਲ ਪੁਰਖ ਦਾ ਹੀ ਸਾਕਾਰ ਸਰੂਪ ਹੈ। ਜਿਵੇਂ ਭੱਟ ਨਲ੍ਯ ਜੀ ਗੁਰ-ਜੋਤਿ ਰੂਪੀ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰ ਰਹੇ ਹਨ ਕਿ ਤੂੰ ਭਗਤ ਪ੍ਰਹਿਲਾਦ ਦੀ ਨਰ-ਸਿੰਘ ਦੇ ਰੂਪ ਵਿਚ ਆ ਕੇ ਪੈਜ ਰਖੀ ਸੀ ਅਤੇ ਹਰਨਾਖਸ ਨੂੰ ਹਥਾਂ ਦੇ ਨਹੁਆਂ ਨਾਲ ਫਾੜਿਆ ਸੀ - 'ਜੈਸੀ ਰਾਖੀ

ਲਾਜ ਭਗਤ ਪ੍ਰਹਿਲਾਦ ਕੀ  ਹਰਨਾਖਸ ਫਾਰੇ ਕਰ ਆਜ॥', ਪੰਨਾ ੧੪੦੦.
ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਗੁਰ-ਜੋਤਿ, ਸਮੇਂ ਸਮੇਂ ਤੇ ਮਹਾਂਪੁਰਖਾਂ ਦੇ ਸਰੂਪ ਵਿਚ, ਪ੍ਰਗਟ ਹੁੰਦੀ ਆਈ ਹੈ, ਭਾਵੇਂ, ਇਹ ਮਹਾਂਪੁਰਖ, ਜਿਸ ਦੇ ਵੀ ਘਰ ਪ੍ਰਗਟ ਹੁੰਦੇ ਨੇ, ਉਨ੍ਹਾਂ ਦੇ ਤਾਂ ਭਾਗ ਹੀ ਖੁਲ ਜਾਂਦੇ ਨੇ - 'ਭਗਤਿ ਹੇਤਿ ਅਵਤਾਰੁ ਲੀਓ ਹੈ  ਭਾਗੁ ਬਡੋ ਬਪੁਰਾ ਕੋ ਰੇ॥', ਪੰਨਾ ੩੩੮. ਮਥੁਰਾ ਭੱਟ ਫ਼ੁਰਮਾਣ ਕਰਦੇ ਹਨ ਕਿ ਗੁਰ-ਜੋਤਿ ਨੇ ਜਗਤ ਦੇ ਤਾਰਣ ਹਿਤ ਮਨੁਖਾ ਜਾਮਾ ਧਾਰਣ ਕੀਤਾ - 'ਤਤੁ ਬਿਚਾਰ ਯਹੈ ਮਥੁਰਾ  ਜਗ ਤਾਰਨ ਕਉ ਅਵਤਾਰੁ ਬਨਾਯਉ॥', ਪੰਨਾ ੧੪੦੯.
ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਇਸ ਗੁਰ-ਜੋਤਿ ਦੀ ਪੀੜ੍ਹੀ ਹਰ ਜੁਗ ਵਿਚ, ਜੁਗਾਂ ਤੋਂ ਚਲਦੀ ਆ ਰਹੀ ਹੈ ਅਤੇ ਚਲਦੀ ਰਹੇਗੀ - 'ਹਰਿ ਜੁਗਹ ਜੁਗੋ ਜੁਗ  ਜੁਗਹ ਜੁਗੋ ਸਦ  ਪੀੜੀ ਗੁਰੂ ਚਲੰਦੀ॥', ਪੰਨਾ ੭੯. ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਪੀੜ੍ਹੀ ਸ੍ਰੀ ਗੁਰੂ ਅੰਗਦ ਸਾਹਿਬ ਜੀ ਸਨ ਅਤੇ ਉਨ੍ਹਾਂ ਦੀ ਪੀੜ੍ਹੀ ਸ੍ਰੀ ਗੁਰੂ ਅਮਰਦਾਸ ਸਾਹਿਬ ਸਨ।

ਗੁਰਬਾਣੀ ਵਿਚ ਹੋਰ ਵੀ ਬੇਅੰਤ ਪ੍ਰਮਾਣ ਹਨ ਕਿ ਇਹ ਗੁਰ-ਜੋਤਿ ਦੁਨੀਆਂ ਤੇ, ਪਰਤਖ ਹਰੀ ਦਾ ਅਵਤਾਰ ਜਾਂ ਦੇਹ ਸਰੂਪ ਬਣਾ ਕੇ ਆਉਂਦੀ ਹੈ। ਭਾਈ ਗੁਰਦਾਸ ਜੀ ਵੀ ਸਪੱਸ਼ਟ ਸ਼ਬਦਾਂ ਵਿਚ ਪ੍ਰਭੂ ਦੇ ਗੁਰ-ਜੋਤਿ ਰੂਪ ਵਿਚ ਅਵਤਾਰ ਧਾਰਣ ਦਾ ਜ਼ਿਕਰ ਕਰਦੇ ਹਨ ਕਿ ਬੇਸ਼ੱਕ ਧਰਮ ਗ੍ਰੰਥ ਗੁਰੂ ਦੀ ਹੱਟੀ ਹੁੰਦੇ ਹਨ ਪਰ ਜਦੋਂ ਤਕ ਪ੍ਰਭੂ ਸਰੀਰਕ ਚੋਲਾ ਧਾਰਣ ਕਰ ਕੇ ਨਹੀਂ ਆਉਂਦਾ, ਕੋਈ ਵੀ ਧਰਮ ਗ੍ਰੰਥਾਂ ਵਿਚ ਪਿਆ ਰਹੱਸ ਬੁਝ ਨਹੀਂ ਸਕਦਾ- 'ਬੇਦ ਗਿਰੰਥ ਗੁਰ ਹਟਿ ਹੈ  ਜਿਸ ਲਗਿ ਭਵਜਲ ਪਾਰ ਉਤਾਰਾ॥ ਸਤਿਗੁਰ ਬਾਝੁ ਨ ਬੁਝੀਐ  ਜਿਚਰੁ ਧਰੇ ਨ ਪ੍ਰਭੁ ਅਵਤਾਰਾ॥', ਵਾਰ ੧:੧੭.
ਇਸ ਸਵਈਏ ਦੀ ਪਹਿਲੀ ਪੰਕਤੀ ਵਿਚ, ਭੱਟ ਗਯੰਦ ਜੀ ਇਉਂ ਫ਼ੁਰਮਾਣ ਕਰਦੇ ਹਨ :
ਸੇਵਕ ਕੈ ਭਰਪੂਰ ਜੁਗੁ ਜੁਗੁ  ਵਾਹਗੁਰੂ ਤੇਰਾ ਸਭੁ ਸਦਕਾ॥
-- ਹੇ ਗੁਰ-ਜੋਤਿ ! ਹੇ ਸ੍ਰੀ ਗੁਰੂ ਰਾਮਦਾਸ ਸਾਹਿਬ ! ਤੂੰ ਜੁਗਾਂ ਜੁਗਾਂ ਤੋਂ, ਹਰ ਜੁਗ ਵਿਚ, ਆਪਣੇ ਸੇਵਕਾਂ, ਭਾਵ, ਭਗਤਾਂ ਦੇ ਅੰਦਰ ਭਰਪੂਰ ਰਹਿੰਦਾ ਹੈਂ, ਭਗਤਾਂ ਤੇ ਤੇਰੀ ਬਖ਼ਸ਼ਿਸ਼ ਰਹਿੰਦੀ ਹੈ। ਹੇ ਗੁਰੂ ! ਤੂੰ ਵਾਹ ਹੈਂ, ਤੇਰੀ ਮਹਿਮਾ ਬਿਆਨ ਕਰਣ ਦੀ ਹਦ ਤੋਂ ਬਾਹਰ ਹੈ। ਇਹ ਸਾਰੀ ਰਚਨਾ ਤੇਰੇ ਹੀ ਸਦਕਾ, ਤੇਰੇ ਅਧਾਰ ਤੇ ਟਿਕੀ ਹੋਈ ਹੈ, ਹੋਂਦ ਰਖਦੀ ਹੈ।

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ  ਕਹਿ ਨ ਸਕੈ ਕੋਊ  ਤੂ ਕਦ ਕਾ॥
-- ਨਿਰਾਕਾਰ ਅਕਾਲ ਪੁਰਖ ਸਾਹਿਬ ਤਾਂ ਸਦਾ ਤੋਂ ਹੀ ਹਨ ਪਰ ਹੇ ਗੁਰ-ਜੋਤਿ ਰੂਪੀ ਗੁਰੂ ਰਾਮਦਾਸ ! ਤੂੰ ਕਦੋਂ ਤੋਂ ਹੈਂ, ਇਸ ਬਾਰੇ ਕੋਈ ਨਹੀਂ ਦਸ ਸਕਦਾ।
ਹਾਂ ! ਗੁਰਬਾਣੀ ਵਿਚ ਇਸ਼ਾਰਾ ਜ਼ਰੂਰ ਮਿਲਦਾ ਹੈ ਜਦੋਂ ਭਗਤ ਕਬੀਰ ਜੀ ਦਸਦੇ ਹਨ ਕਿ ਜਦੋਂ ਇਹ ਧਰਤੀ, ਅਕਾਸ਼, ਦਸੋ ਦਿਸ਼ਾਵਾਂ ਨਹੀਂ ਸਨ, ਭਾਵ, ਇਸ ਸ੍ਰਿਸ਼ਟੀ ਦੀ ਹੋਂਦ ਅਜੇ ਨਹੀਂ ਸੀ ਤਦ ਵੀ ਇਹ ਗੁਰ-ਜੋਤਿ ਮੌਜੂਦ ਸੀ। ਸ੍ਰਿਸ਼ਟੀ ਦੀ ਸਾਜਨਾਂ ਤੋਂ ਪਹਿਲਾਂ, ਕਿਉਂਕਿ, 'ਸਮਾਂ' ਦੀ ਸਿਰਜਣਾ ਹੀ ਨਹੀਂ ਸੀ ਹੋਈ, ਫ਼ਿਰ, ਇਸ ਕਰਕੇ, ਇਹ ਗੁਰ-ਜੋਤਿ ਕਦੋਂ ਤੋਂ ਹੈ, ਕਿਵੇਂ ਦਸਿਆ ਜਾ ਸਕਦਾ ਹੈ ! ਇਹ ਤਾਂ ਵਿਸਮਾਦ ਹੀ ਹੈ ! ਪਰ, ਇਕ ਸਚਿਆਈ ਅਟਲ ਹੈ, ਜੋ ਕਿ 'ਆਦਿ ਪੁਰਖ', ਭਾਵ, ਸ੍ਰੀ ਅਕਾਲ ਪੁਰਖ ਸਾਹਿਬ ਦਾ ਆਪਣਾ ਫ਼ੁਰਮਾਣ ਹੈ ਕਿ, ਸਾਰੀ

ਕਾਇਨਾਤ (Cosmos) ਤੇ, **ਇਸ ਗੁਰ-ਜੋਤਿ ਦਾ ਰਾਜ, 'ਅਬਿਚਲੁ' ਅਤੇ 'ਅਟਲੁ' ਹੈ, ਅਟਲ ਰਿਹਾ ਹੈ ਅਤੇ ਅਟਲ ਰਹੇਗਾ - 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥'**, ਪੰਨਾ ੧੩੯੦.

ਇਸੇ ਪਰਥਾਇ ਭਗਤ ਕਬੀਰ ਜੀ ਦਾ ਫੁਰਮਾਣ ਇੰਞ ਹੈ - 'ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨ ਕਾ ਕੋ ਰੇ॥ ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥', ਪੰਨਾ ੩੩੮. (ਅਰਥ: ਪਰ ਹੇ ਲੋਕੋ ! ਤੁਸੀਂ ਸ੍ਰੀ ਕ੍ਰਿਸ਼ਨ ਜੀ ਨੂੰ ਨੰਦ ਦੇ ਪੁਤਰ ਆਖੀ ਜਾਂਦੇ ਹੋ, ਸੋਚੋ, ਉਹ ਨੰਦ ਦੇ ਪੁਤਰ ਕਿਵੇਂ ਹੋ ਗਏ। ਧਰਤੀ, ਆਕਾਸ਼, ਦਸੋ ਦਿਸ਼ਾਵਾਂ ਨਹੀਂ ਸਨ ਤਾਂ ਇਹ ਨੰਦ ਕਿਥੇ ਸੀ? ਕਹਿਣ ਦਾ ਭਾਵ ਸਾਰੀ ਸ੍ਰਿਸ਼ਟੀ ਬਣਨ ਤੋਂ ਪਹਿਲਾਂ ਨੰਦ ਦੀ ਤਾਂ ਹੋਂਦ ਹੀ ਨਹੀਂ ਸੀ ਪਰ ਉਸ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦੀ ਹੋਂਦ ਤਾਂ ਫ਼ਿਰ ਵੀ ਸੀ, ਕਿਉਂਕਿ ਇਹੀ ਗੁਰ-ਜੋਤਿ ਹੀ ਤਾਂ ਸ੍ਰਿਸ਼ਟੀ ਦਾ ਕਰਤਾ ਹੈ ! ਤਾਂ ਮਤਲਬ ਇਹ ਨਿਕਲਿਆ ਕਿ ਅਸਲ ਪਿਤਾ ਤਾਂ ਅਕਾਲ ਪੁਰਖ ਦਾ ਰੂਪ, ਉਹ ਗੁਰ-ਜੋਤਿ ਹੀ ਹੈ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਨੰਦ ਨਹੀਂ।)

**ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਇਆ ਮਨ ਮਦ ਕਾ॥**

ਇਥੇ ਗੁਰ-ਜੋਤਿ ਦੇ, ਸ੍ਰਿਸ਼ਟੀ ਸਾਜਣਾ ਤੋਂ ਪਹਿਲਾਂ ਮੌਜੂਦ ਹੋਣ ਦਾ ਪ੍ਰਮਾਣ ਮਿਲਦਾ ਹੈ, ਜਦੋਂ ਗਯੰਦ ਭੱਟ ਜੀ, ਸ੍ਰੀ ਗੁਰੂ ਰਾਮਦਾਸ ਜੀ ਨੂੰ ਸੰਬੋਧਨ ਕਰਦਿਆਂ ਫ਼ੁਰਮਾਣ ਕਰਦੇ ਹਨ :

-- ਹੇ ਗੁਰ-ਜੋਤਿ ਰੂਪੀ ਗੁਰੂ ਰਾਮਦਾਸ ! ਤੂੰ ਅਣਗਿਣਤ ਬ੍ਰਹਮਾ, ਵਿਸ਼ਣੂ ਆਦਿ ਦੇਵਤੇ ਪੈਦਾ ਕੀਤੇ ਹਨ। ਭਾਵੇਂ ਉਨ੍ਹਾਂ ਸਭ ਦੇ ਮਨ ਵਿਚ, ਆਪਣੀ ਹੋਂਦ ਦਾ ਹੀ ਹੰਕਾਰ, ਭਾਵ, ਹਉਮੈ, ਪੈਦਾ ਹੋ ਗਈ।

ਸ੍ਰੀ ਗੁਰੂ ਰਾਮਦਾਸ ਪਾਤਸ਼ਾਹ, ਆਪ ਫ਼ੁਰਮਾਣ ਕਰਦੇ ਹਨ ਕਿ ਬ੍ਰਹਮਾ, ਵਿਸ਼ਣੂ ਅਤੇ ਮਹਾਦੇਵ, ਤਿੰਨੇ ਹੀ ਮਾਇਆ ਦੇ ਤਿੰਨਾਂ ਗੁਣਾਂ ਦੇ ਅਤੇ ਹਉਮੈ ਦੇ ਰੋਗੀ ਹਨ - 'ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥', ਪੰਨਾ ੭੩੫. ਗੁਰਬਾਣੀ ਵਿਚ ਅਨੇਕਾਂ ਥਾਈਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਦੇਵਤੇ ਵੀ ਕਿਰਤ ਹਨ, ਕਰਤਾ ਨਹੀਂ। ਉਨ੍ਹਾਂ ਦੀ ਜੋ ਵੀ ਜ਼ਿੰਮੇਵਾਰੀ ਕਰਤਾ ਪੁਰਖ ਦੁਆਰਾ ਲਗਾਈ ਗਈ ਹੈ ਉਹ ਉਸ ਦੇ ਹੁਕਮ ਵਿਚ ਉਤਨਾ ਹੀ ਕਾਰਜ ਕਰ ਸਕਦੇ ਹਨ, ਉਸ ਤੋਂ ਵਧ ਨਹੀਂ। ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ - 'ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥', ਅੰਕ ੯੪੮.

ਇਥੇ ਇਕ ਪ੍ਰਮਾਣ ਹੋਰ ਦਸਣ ਜੋਗ ਹੈ ਕਿ ਰਿਗ ਵੇਦ ਦੇ 10ਵੇਂ ਅਧਿਆਏ ਦੇ 129ਵੇਂ ਸੂਕਤ, ਜਿਸ ਨੂੰ ਨਾਸਦੀਯ ਸੂਕਤ ਕਹਿੰਦੇ ਹਨ, ਦੀ 6ਵੀਂ ਪੰਕਤੀ ਵਿਚ ਦਰਜ ਹੈ ਕਿ ਦੇਵਤੇ, ਸ੍ਰਿਸ਼ਟੀ ਰਚਨਾ ਤੋਂ ਬਾਅਦ ਪੈਦਾ ਕੀਤੇ ਗਏ ਇਸ ਲਈ ਉਹ ਵੀ ਨਹੀਂ ਦਸ ਸਕਦੇ ਕਿ ਸ੍ਰਿਸ਼ਟੀ ਕਦੋਂ ਕਿਵੇਂ ਤੇ ਕਿਸਨੇ ਸਾਜੀ :

को अद्धा वेद क इह प्र वोचत्कुत आजाता कुत इयं विसृष्टिः ।
अर्वाग्देवा अस्य विसर्जनेनाथा को वेद यत आबभूव ॥६॥

(But, after all, who knows, and who can say Whence it all

came, and how creation happened? The gods themselves came later than creation, so who knows truly whence it has arisen?)

ਭੱਟ ਗਯੰਦ ਜੀ ਅਨੁਸਾਰ, ਦੇਵਤੇ ਇਸ ਗੁਰ-ਜੋਤਿ ਨੇ ਪੈਦਾ ਕੀਤੇ, ਅਰਥਾਤ ਸ੍ਰਿਸ਼ਟੀ, ਦੇਵਤਿਆਂ ਤੋਂ ਪਹਿਲਾਂ ਹੀ ਸਾਜ ਦਿਤੀ ਗਈ ਸੀ ਅਤੇ ਗੁਰ-ਜੋਤਿ ਸ੍ਰਿਸ਼ਟੀ ਸਾਜਨਾ ਤੋਂ ਪਹਿਲਾਂ ਹੀ ਹੋਂਦ ਵਿਚ ਸੀ, 'ਅਬਿਚਲੁ' ਅਤੇ 'ਅਟਲੁ'। ਇਸੇ ਕਰਕੇ ਹੀ ਤਾਂ ਕੋਈ ਦਸ ਨਹੀਂ ਸਕਦਾ, ਕਿ ਗੁਰ-ਜੋਤਿ ਕਦੋਂ ਤੋਂ ਹੈ, ਇਹ ਰਹੱਸ ਹੈ, 'ਆਦਿ ਪੁਰਖੁ' ਜਾਣੇ ਤੇ ਗੁਰ-ਜੋਤਿ ਜਾਣੇ ! ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ - 'ਜਾ ਕਰਤਾ ਸਿਰਠੀ ਕਉ ਸਾਜੇ  ਆਪੇ ਜਾਣੈ ਸੋਈ॥', ਅੰਕ ੪.

**ਚਵਰਾਸੀਹ ਲਖ ਜੋਨਿ ਉਪਾਈ  ਰਿਜਕੁ ਦੀਆ ਸਭ ਹੂ ਕਉ ਤਦ ਕਾ॥**

ਬੜੇ ਸਪੱਸ਼ਟ ਤੌਰ ਤੇ ਭੱਟ ਸਾਹਿਬ ਫ਼ੁਰਮਾਣ ਕਰਦੇ ਹਨ :

-- ਹੇ ਗੁਰ-ਜੋਤਿ, ਸ੍ਰੀ ਗੁਰੂ ਰਾਮਦਾਸ ! ਤੂੰ ਹੀ, ਚੁਰਾਸੀ ਲਖ ਜੂਨ ਪੈਦਾ ਕੀਤੀ ਹੈ ਤੇ ਉਨ੍ਹਾਂ ਸਭ ਨੂੰ ਤਦ ਤੋਂ, ਭਾਵ, ਪੈਦਾ ਕਰਣ ਦੇ ਸਮੇਂ ਤੋਂ, ਰਿਜ਼ਕ ਦਿੰਦਾ ਆ ਰਿਹਾ ਹੈਂ।

ਸ੍ਰੀ ਗੁਰੂ ਅਮਰਦਾਸ ਸਾਹਿਬ ਚਉਰਾਸੀ ਲਖ ਜੋਨਿ ਦੇ ਪੈਦਾ ਕਰਣ ਅਤੇ ਰਿਜ਼ਕ ਦੇਣ ਦੀ ਗਵਾਹੀ ਭਰਦੇ ਹਨ - 'ਲਖ ਚਉਰਾਸੀਹ ਜਿਨਿ ਸਿਰੀ  ਸਭਸੈ ਦੇਇ ਅਧਾਰੁ॥', ਅੰਕ ੨੭. ਹੋਰ ਫ਼ੁਰਮਾਉਂਦੇ ਹਨ ਕਿ ਉਹ ਚਉਰਾਸੀਹ ਲਖ ਜੂਨਾਂ ਪੈਦਾ ਕਰਕੇ ਸਭ ਨੂੰ ਰਿਜ਼ਕ ਦਿੰਦਾ ਆ ਰਿਹਾ ਹੈ - 'ਲਖ ਚਉਰਾਸੀਹ ਜੀਅ ਉਪਾਏ॥..ਸਭਨਾ ਰਿਜਕੁ ਸਮਾਹੇ  ਆਪੇ ਕੀਮਤਿ ਹੋਰ ਨ ਹੋਈ ਹੇ॥', ਪੰਨਾ ੧੦੪੪. ਗੁਰਬਾਣੀ ਵਿਚ ਹੋਰ ਵੀ ਕਈ ਪ੍ਰਮਾਣ ਮਿਲਦੇ ਹਨ।

**ਸੇਵਕ ਕੈ ਭਰਪੂਰ ਜੁਗੁ ਜੁਗੁ  ਵਾਹਗੁਰੂ ਤੇਰਾ ਸਭੁ ਸਦਕਾ॥੧॥੧੧॥**

-- ਹੇ ਗੁਰ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ! ਤੂੰ ਜੁਗਾਂ ਜੁਗਾਂ ਤੋਂ, ਹਰ ਜੁਗ ਵਿਚ, ਆਪਣੇ ਸੇਵਕਾਂ, ਭਾਵ, ਭਗਤਾਂ ਦੇ ਵਿਚ ਭਰਪੂਰ, ਅੰਗ ਸੰਗ ਰਹਿੰਦਾ ਹੈਂ, ਭਗਤਾਂ ਤੇ ਤੇਰੀ ਬਖ਼ਸ਼ਿਸ਼ ਰਹਿੰਦੀ ਹੈ। ਹੇ ਗੁਰੂ ! ਤੂੰ ਵਾਹ ਹੈਂ, ਤੇਰੀ ਮਹਿਮਾ ਬਿਆਨ ਕਰਣ ਦੀ ਹਦ ਤੋਂ ਬਾਹਰ ਹੈ। ਇਹ ਸਾਰੀ ਰਚਨਾ ਤੇਰੇ ਹੀ ਸਦਕਾ, ਤੇਰੇ ਅਧਾਰ ਤੇ ਟਿਕੀ ਹੈ, ਹੋਂਦ ਰਖਦੀ ਹੈ।

ਇਸ ਸਵਈਏ ਵਿਚ, ਭੱਟ ਗਯੰਦ ਜੀ ਨੇ ਇਹ ਪੰਕਤੀ, ਦੁਬਾਰਾ, ਇਸ ਲਈ ਅੰਕਤ ਕੀਤੀ ਹੈ ਕਿ ਗੁਰ-ਜੋਤਿ ਬਾਰੇ ਦਿਤੀ, ਇਸ ਵਿਚਲੀ ਸਚਿਆਈ ਨੂੰ ਜ਼ੋਰ ਦੇ ਕੇ ਬਿਆਨ ਕੀਤਾ ਜਾਏ।

